# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈਸਿ),ਮਾਨਸਾ

ਸੇਵਾ ਵਿਖੇ

ਸਮੂਹ ਪ੍ਰਿੰਸੀਪਲ / ਕਲੱਸਟਰ ਮੁੱਖੀ (ਅਤਿ ਜਰੂਰੀ)
ਜਿਲਾ ਮਾਨਸਾ।

ਪੱਤਰ ਨੰ: ਜੀ 1/1( ) /2017-18/ 881
ਮਿਤੀ :05/02/2018

ਵਿਸ਼ਾ: ਬੱਚਿਆ ਦੀ ਸੁਰੱਖਿਆ ਲਈ ਜਿਲੇ ਦੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੀਆ ਬੱਸਾਂ ਦੀ ਪੜਤਾਲ ਕਰਨ ਸਬੰਧੀ।

ਹਵਾਲਾ : ਪੱਤਰ ਨੰ: ਜੀ 1/1()2017-18 /8031 ਮਿਤੀ 13/12/2017 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲਾ ਪੱਤਰ ਦੇ ਸਬੰਧ ਵਿੱਚ ਜਿਲੇ ਦੇ ਸਮੂਹ ਪ੍ਰਿੰਸੀਪਲ / ਕਲੱਸਟਰ ਮੁੱਖੀਆ ਨੂੰ ਹਦਾਇਤ ਕੀਤੀ ਗਈ ਸੀ ਕਿ ਉਹ ਆਪਣੇ ਏਰੀਆ ਦੇ ਪ੍ਰਾਈਵੇਟ ਸਕੂਲਾਂ ਦੇ ਬੱਚਿਆ ਨੂੰ ਸਕੂਲ ਲਿਆਉਣ ਲਈ ਜ਼ੋ ਵਾਹਨ ਹਨ, ਉਹਨਾ ਦੀ ਚਾਲੂ ਹਾਲਤ ਬਾਰੇ ਪੜਤਾਲ ਕਰਨ ਲਈ ਲਿਖਿਆ ਗਿਆ ਸੀ ਕਿ ਇਹ ਵਾਹਨ ਬੱਚਿਆ ਨੂੰ ਸਰੁਖਿਅਤ ਸਕੂਲ ਲਿਜਾ ਅਤੇ ਛੱਡ ਸਕਦੇ ਹਨ, ਕਿ ਇਹਨਾ ਵਾਹਨਾਂ ਵਿੱਚ ਮੈਡੀਕਲ ਕਿੱਟ ਆਦਿ ਹੈ ਜਾ ਨਹੀ। ਇਹਨਾ ਸਬੰਧੀ ਪੜਤਾਲ ਕਰਨ ਲਈ ਲਿਖਿਆ ਗਿਆ ਸੀ ਪ੍ਰਤੂ ਕਿਸੇ ਵੀ ਸਕੂਲ ਮੁੱਖੀ ਵਲੋ ਕੋਈ ਰਿਪੋਰਟ ਪੇਸ ਨਹੀ ਕੀਤੀ ਗਈ । ਦੁਬਾਰਾ ਫਿਰ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਹ ਚੈਕਿੰਗ ਰਿਪੋਰਟ ਮਿਤੀ 12/02/2018 ਤੱਕ ਹਰ ਹਾਲਤ ਨਿਮਨਹਸਤਾਖਰੀ ਦੇ ਦਫਤਰ ਪੁਜਦੀ ਕੀਤੀ ਜਾਵੇ।

05/02/18
ਜਿਲ੍ਹਾ ਸਿੱਖਿਆ ਅਫ਼ਸਰ(ਸਸ),
ਮਾਨਸਾ।

ਪਿੱਠ ਅੰਕਣ ਨੰ: ਉਕਤ ਮਿਤੀ ਉਕਤ
ਉਪਰੋਕਤ ਦਾ ਉਤਾਰਾ ਦਫਤਰ ਮਾਨਯੋਗ ਡਿਪਟੀ ਕਮਿਸਨਰ ਮਾਨਸਾ ,ਉਹਨਾ ਦੇ ਪੱਤਰ ਨੰ: 16391/ ਪਸ ਮਿਤੀ 29/11/2017 ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਸਿੱਖਿਆ ਅਫ਼ਸਰ(ਸਸ),
ਮਾਨਸਾ।

## ਜਿਲ੍ਹਾ- ਮਾਨਸਾ

### ਪੰਜਾਬ ਸੇਫ ਸਕੂਲ ਵਾਹਨ ਪਾਲਿਸੀ ਦੇ ਰੂਲ

1. ਸਕੂਲ ਵਾਹਨਾਂ ਦਾ ਰੰਗ ਸੁਨਹਿਰਾ ਪੀਲਾ, ਖਿੜਕੀਆ ਤੇ ਹੋਰੀ ਜੈਂਟਲ ਗਰੀਲ ਅਤੇ ਸੀ.ਸੀ.ਟੀ.ਵੀ ਕੈਮਰੇ ਲੱਗੇ ਹੋਣਾ ਲਾਜਮੀ ਹੈ।

2. ਵਾਹਨਾ ਤੇ ਅੱਗੇ ਪਿੱਛੇ ਸਕੂਲ ਬੱਸ ਲਿਖਿਆ ਹੋਵੇ, ਅਤੇ ਜੇਕਰ ਵਾਹਨ ਕਿਰਾਏ ਤੇ ਹੈ ਤਾਂ ਉਸ ਉਪਰ ਔਨ ਸਕੂਲ ਡਿਊਟੀ ਲਿਖਿਆ ਹੋਣਾ ਲਾਜਮੀ ਹੈ।

3. ਵਾਹਨ ਵਿਚ ਫਸਟ ਏਡ ਬਾਕਸ, ਅੱਗ ਬੁਝਾਊ ਜੰਤਰ ਡਰਾਇਵਰ ਸਾਈਡ ਅਤੇ ਪਿੱਛੇ ਐਮਰਜੈਂਸੀ ਡੋਰ ਹੋਣਾ ਲਾਜਮੀ ਹੈ ਅਤੇ ਇਸ ਦੇ ਡਰਾਇਵਰ ਕੰਡਕਟਰ ਸਮੇਤ ਬੱਚਿਆ ਨੂੰ ਸਾਲ ਵਿਚ ਦੋ ਵਾਰ ਰਿਫਰੈਸ਼ਰ ਕੋਰਸ ਸਕੂਲ ਵੱਲੋਂ ਕਰਵਾਇਆ ਜਾਣਾ ਹੈ।

4. ਵਾਹਨਾ ਤੇ ਦੂਹਰੇ ਰੰਗ ਦੀ ਪੱਟੀ ਹੋਣਾ ਅਤੇ ਵਾਹਣ ਦੇ ਚਾਰੇ ਪਾਸੇ ਸਕੂਲ ਦਾ ਨਾਮ, ਫੋਨ ਨੰਬਰ, ਡੀ.ਟੀ.ਓ ਅਤੇ ਟਰੈਫਿਕ ਵਾਰਡਨ ਦਾ ਸੰਪਰਕ ਨੰਬਰ ਲਿਖਿਆ ਹੋਵੇ।

5. ਵਾਹਨਾਂ ਦੇ ਅੱਗੇ ਅਤੇ ਪਿੱਛੇ ਸਕੂਲ ਵਾਹਨ ਦਾ ਪ੍ਰਤੀਕ ਚਿੰਨ੍ਹ ਬਣਿਆ ਹੋਵੇ।

6. ਵਾਹਨ ਵਿਚ ਚੱਲਣ ਵੇਲੇ ਲੱਗੀ ਪਹਿਲੀ ਸੀਟ ਦਾ ਮੂੰਹ ਪਿਛਲੇ ਪਾਸੇ ਨੂੰ ਹੋਵੇ ਅਤੇ ਵਾਹਣ ਵਿਚ ਰਜਿਸਟਰਡ ਸੀਟਾਂ ਤੋਂ ਵੱਧ ਬੱਚੇ ਨਾ ਬਿਠਾਏ ਜਾਣ।

7 ਹਰ ਸੀਟ ਦੇ ਥੱਲੇ ਬੱਚੇ ਦੇ ਬੈਗ ਆਦਿ ਰੱਖਣ ਦੀ ਜਗ੍ਹਾ ਬਣੀ ਹੋਵੇ।

8 ਜੇਕਰ ਵਾਹਨ ਵਿਚ ਵਿਦਿਆਰਥਣਾਂ ਜਾਂਦੀਆਂ ਹਨ ਤਾਂ ਲੇਡੀ ਅਟੈਂਡਟ ਹੋਣਾ ਲਾਜਮੀ ਹੈ।

9 ਡਰਾਈਵਰ ਅਤੇ ਅਟੈਂਡਟ ਨੂੰ ਛੂਤ ਦੀ ਬਿਮਾਰੀ ਨਾ ਹੋਵੇ ਅਤੇ ਉਹਨਾਂ ਵੱਲੋਂ ਕਿਸੇ ਵੀ ਤਰ੍ਹਾਂ ਦੇ ਨਸ਼ੀਲੇ ਪਦਾਰਥ ਦੀ ਵਰਤੋਂ ਨਾ ਕਰਨਾ ਯਕੀਨੀ ਹੋਣਾ ਲਾਜਮੀ ਹੈ।

10 ਸਕੂਲੀ ਵਾਹਨਾਂ ਦੇ ਡਰਾਇਵਰ ਕੰਡਕਟਰ ਦਾ ਵਰਦੀ ਵਿਚ ਹੋਣਾ, ਡਰਾਇਵਰ ਕੋਲ ਪੰਜ ਸਾਲ ਹੈਵੀ ਵਿਹਕਲ ਦਾ ਤਜਰਬਾ ਹੋਣਾ ਲਾਜਮੀ ਹੈ ਅਤੇ ਡਰਾਇਵਰ ਵੱਲੋ ਕੋਈ ਗੰਭੀਰ ਅਪਰਾਧ ਨਾ ਕੀਤਾ ਹੋਵੇ।

Scanned by CamScanner